# ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

(ਸਿੱਖਿਆ ਭਵਨ, ਬਲਾਕ-ਈ, ਸੱਤਵੀਂ ਮੰਜਿਲ, ਫੇਸ-8, ਐਸ.ਏ.ਐਸ.)

## ਦਫਤਰੀ ਹੁਕਮ

ਮਿਤੀ:- 13/9/18

ਨੰ:ਏ6-ਪੰ-2018/ 15741

ਇਸ ਦਫਤਰੀ ਹੁਕਮ ਰਾਹੀ ਦਫਤਰ ਡਾਇਰੈਕਟਰ ਖੋਜ ਤੇ ਮੈਡੀਕਲ ਸਿੱਖਿਆ, ਪੰਜਾਬ, ਸੈਕਟਰ 69 ਮੋਹਾਲੀ, ਵਿਖੇ ਵਿੱਤੀ ਸਾਲ 2018-19 ਲਈ ਫੋਟੋ-ਸਟੇਟ ਮਸ਼ੀਨ ਆਊਟ ਸੋਰਸ ਅਧੀਨ ਰੱਖਣ ਲਈ ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਕੋਟੇਸ਼ਨਾਂ ਦੀ ਮੰਗ ਕੀਤੀ ਜਾਂਦੀ ਹੈ:-

1) ਫੋਟੋ-ਸਟੇਟ ਮਸ਼ੀਨ ਡਿਜੀਟਲ ਲਗਾਈ ਜਾਵੇਗੀ ਅਤੇ ਉਸ ਵਿੱਚ ਪੇਪਰ ਸਕੈਨ ਕਰਨ ਦੀ ਸੁਵਿਧਾ ਵੀ ਹੋਣੀ ਚਾਹੀਦੀ ਹੈ।

2) ਫੋਟੋ-ਸਟੇਟ ਮਸ਼ੀਨ ਦਾ ਠੇਕਾ 31-03-2019 ਤੱਕ ਕੀਤਾ ਜਾਵੇਗਾ।

3) ਫੋਟੋ-ਸਟੇਟ ਕਰਨ ਲਈ ਮੈਨ ਪਾਵਰ (ਆਪਰੇਟਰ) ਸਵੇਰੇ 9:00 ਵਜੇ ਤੋਂ ਸ਼ਾਮ 6:00 ਵਜੇ ਤੱਕ ਦਫਤਰ ਵਿਖੇ ਉਪਲਬਧ ਕਰਵਾਈ ਜਾਵੇਗੀ। ਕੰਮ ਦੀ ਬਹੁਤਾਤ ਹੋਣ ਦੀ ਸੂਰਤ ਵਿੱਚ ਇਸ ਸਮੇਂ ਤੋਂ ਬਾਅਦ ਜਾਂ ਛੁੱਟੀ ਵਾਲੇ ਦਿਨ ਵੀ ਮੈਨ ਪਾਵਰ ਮੁਹੱਈਆ ਕਰਵਾਈ ਜਾਵੇਗੀ।

4) ਕੰਪਨੀ ਨੂੰ ਸਕੈਨਿੰਗ ਦਾ ਕੋਈ ਵੱਖਰਾ ਚਾਰਜ ਨਹੀਂ ਦਿੱਤਾ ਜਾਵੇਗਾ।

5) ਫੋਟੋ-ਸਟੇਟ ਮਸ਼ੀਨ ਦੀ ਸਰਵਿਸ/ਰੱਖ-ਰਖਾਵ/ਸਿਆਹੀ ਅਤੇ ਰਿਪੇਅਰ ਆਦਿ ਲਈ ਅਦਾਰੇ ਨੂੰ ਕੋਈ ਵੱਖਰੀ ਅਦਾਇਗੀ ਨਹੀਂ ਕੀਤੀ ਜਾਵੇਗੀ ਅਤੇ ਜੇਕਰ ਮਸ਼ੀਨ ਖਰਾਬ ਹੋ ਜਾਂਦੀ ਹੈ ਤਾਂ ਮਸ਼ੀਨ ਦੀ ਤੁਰੰਤ ਰਿਪੇਅਰ ਕੀਤੀ ਜਾਵੇਗੀ।

6) ਫੋਟੋ-ਸਟੇਟ ਮਸ਼ੀਨ ਦਾ ਬਿਲ ਮਹੀਨਾ ਸਮਾਪਤ ਹੋਣ ਉਪਰੰਤ ਅਦਾਇਗੀ ਲਈ ਪੇਸ਼ ਕੀਤਾ ਜਾਵੇਗਾ।

7) ਮਸ਼ੀਨ ਦਾ ਓਪਰੇਟਰ ਲੋਗ ਬੁੱਕ ਮੇਨਟੇਨ ਕਰੇਗਾ ਅਤੇ ਦਫਤਰੀ ਸ਼ਾਖਾਵਾਂ ਤੋਂ ਲਿਖਤੀ ਮੰਗ ਪੱਤਰ ਪ੍ਰਾਪਤ ਹੋਣ ਤੇ ਹੀ ਫੋਟੋ-ਸਟੇਟ ਕਰੇਗਾ।

8) ਕੰਪਨੀ ਦਾ ਕੰਮ ਤਸੱਲੀ-ਬਖਸ਼ ਨਾ ਹੋਣ ਦੀ ਸੂਰਤ ਵਿੱਚ ਇਹ ਠੇਕਾ ਕਿਸੇ ਵੀ ਸਮੇਂ ਇੱਕ ਹਫਤੇ ਦਾ ਨੋਟਿਸ ਦਿੰਦੇ ਹੋਏ ਰੱਦ ਕੀਤਾ ਜਾ ਸਕਦਾ ਹੈ।

9) ਫੋਟੋ-ਸਟੇਟ ਦਾ ਕੰਮ ਆਊਟ ਸੋਰਸ ਦੇ ਆਧਾਰ ਤੇ ਹੋਵੇਗਾ। ਕੰਪਨੀ ਜਾਂ ਕੰਪਨੀ ਦਾ ਕੋਈ ਵੀ ਨੁਮਾਇੰਦਾ ਸਰਕਾਰ ਦੇ ਦਫਤਰ ਵਿੱਚ ਨੌਕਰੀ ਆਦਿ ਲਈ ਕਿਸੇ-ਕਿਸਮ ਦੀ ਕੋਈ ਦਾਅਵੇਦਾਰੀ ਪੇਸ਼ ਨਹੀਂ ਕਰੇਗਾ।

ਉਕਤ ਦਰਸਾਈਆਂ ਸ਼ਰਤਾਂ ਅਨੁਸਾਰ ਜੇਕਰ ਕੋਈ ਕੰਪਨੀ ਸਹਿਮਤ ਹੋ ਤਾਂ ਆਪਣੀ ਕੋਟੇਸਨ ਦਫਤਰ ਡੀ.ਆਰ.ਐਮ.ਈ ਪੰਜਾਬ, ਸੈਕਟਰ-69, ਮੋਹਾਲੀ ਵਿਖੇ 7 ਦਿਨਾਂ ਦੇ ਅੰਦਰ-ਅੰਦਰ ਰਜਿਸਟਰਡ ਡਾਕ ਜਾਂ ਹੱਥ ਦਸਤੀ ਭੇਜੀ ਜਾ ਸਕਦੀ ਹੈ।

ਡਾਇਰੈਕਟਰ ਖੋਜ ਤੇ ਮੈਡੀਕਲ ਸਿੱਖਿਆ ਪੰਜਾਬ